ਬਿਸ਼ਪ ਵਿੱਤੀ ਜਵਾਬਦੇਹੀ ਨੂੰ “ਆਨ-ਲਾਈਨ” ਵਧਾਉਣ ਲਈ ਵਚਨਬੱਧ ਹੈ ।

ਟੋ ਟਰਮਾਂ ਤੋਂ ਕੌਂਸਲਰ ਸਿਲਵੀਆ ਬਿਸ਼ਪ ਹੁਣ ਟੀਮ ਡੈਲਟਾ ਬੈਨਰ ਹੇਠ ਮੇਅਰ ਦੀ ਚੋਣ ਲੜ੍ਹ ਰਹੀ ਹੈ। ਅੱਜ ਇਸਨੇ ਐਲਾਨ ਕੀਤਾ ਕਿ ਜੇ ਉਹ 20 ਅਕਤੂਬਰ ਵਾਲੀ ਚੋਣ ਜਿੱਤ ਜਾਂਦੀ ਹੈ ਤਾਂ ਉਹ ਸਥਾਨਕ ਸਰਕਾਰ ਦੀ ਵਿੱਤੀ ਜ਼ਿੰਮੇਵਾਰੀ ਨੂੰ ਪ੍ਰਾਥਮਿਕਤਾ ਦੇਵੇਗੀ।

ਬਿਸ਼ੱਪ ਨੇ ਵਾਦਾ ਕੀਤਾ ਕਿ ਇਸ ਵੱਲ ਪਹਿਲਾ ਕਦਮ ਵਧਾਉਂਦਿਆਂ ਉਹ ਬੀ.ਸੀ. ਫਾਇਨੈਂਸ਼ੀਅਲ ਇਨਫਾਰਮੇਸ਼ਨ ਐਕਟ ਅਧੀਨ ਤਿਆਰ ਕੀਤੀਆਂ ਪਹਿਲੀਆਂ ਅਤੇ ਮੌਜੂਦਾ ਰਿਪੋਰਟਾਂ ਨੂੰ ਆਨ-ਲਾਈਨ ਇੰਟਰਨੈੱਟ ਤੇ ਤੁਰੰਤ ਪੋਸਟ ਕਰੇਗੀ। ਇਹਨਾਂ ਦਸਤਾਵੇਜ਼ਾਂ ਨੂੰ ਸਟੇਟਮੈਂਟਸ ਆਫ਼ ਫਾਇਨੈਂਸ਼ੀਅਲ ਇਨਫਾਰਮੇਸ਼ਨ (ਐਸ.ਓ.ਐੱਫ.ਆਈ.) ਵਜੋਂ ਵੀ ਜਾਣਿਆ ਜਾਂਦਾ ਹੈ।

ਬਿਸ਼ਪ ਨੇ ਕਿਹਾ, “ਸਿਟੀ ਨੂੰ ਬਹੁਤ ਪਹਿਲਾਂ ਤੋਂ ਹੀ ਆਰਥਿਕਤਾ ਦੀ ਆਧੁਨਿਕ ਜਾਣਕਾਰੀ ਸਥਾਨਕ ਵਸਨੀਕਾਂ ਅਤੇ ਟੈਕਸ ਅਦਾ ਕਰਨ ਵਾਲਿਆਂ, ਸੰਭਾਵੀ ਨਿਵੇਸ਼ਕਾਂ ਅਤੇ ਹੋਰਨਾਂ ਨੂੰ ਪ੍ਰਦਾਨ ਕਰ ਦੇਣੀ ਚਾਹੀਦੀ ਸੀ, ਜਿਸ ਵਿੱਚ ਕੌਂਸਲ ਮੈਂਬਰਾਂ, ਕਰਮਚਾਰੀਆਂ ਅਤੇ ਸਪਲਾਇਰਾਂ ਦੇ ਵਿੱਤੀ ਭੁਗਤਾਨ ਦਾ ਬਿਓਰਾ ਹੋਵੇ”।

“ਸਾਡੇ ਸ਼ਹਿਰ ਦਾ ਵਿੱਤੀ ਰਿਕਾਰਡ ਪ੍ਰਸ਼ੰਸਾਯੋਗ ਅਤੇ ਵਧੀਆ ਹੈ ਅਤੇ ਇਹ ਜ਼ਰੂਰੀ ਹੈ ਕਿ ਅਸੀਂ ਇਸ ਜਾਣਕਾਰੀ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਵੱਲ ਅੱਗੇ ਵਧੀਏ”।

ਬਿਸ਼ਪ ਅਨੁਸਾਰ ਕਈ ਸਾਲਾਂ ਤੋਂ ਬੀ.ਸੀ. ਦੀਆਂ ਬਹੁਤ ਸਾਰੀਆਂ ਮਿਊਂਸਪੈਲਟੀਆਂ ਨੇ ਆਪਣੀ ਐੱਸ.ਓ.ਐੱਫ.ਆਈ. ਨੂੰ ਆਨ-ਲਾਈਨ ਪਾਇਆ ਹੈ। ਇਸ ਵਿੱਚ ਵੈਨਕੂਵਰ ਅਤੇ ਸਰ੍ਹੀ ਵਰਗੇ ਦੋਵੇਂ ਵੱਡੇ ਸ਼ਹਿਰ ਹਨ ਅਤੇ ਵਿਲੀਅਮ ਲੇਕ, ਗਰੈਂਡ ਫੋਰਕਸ ਅਤੇ ਪਾਊਸ ਕੂਪ ਵਰਗੀਆਂ ਕਈ ਛੋਟੀਆਂ ਕਮਿਊਨਟੀਆਂ ਵੀ ਸ਼ਾਮਲ ਹਨ।

2016 ਦੀ ਕੈਨੇਡਾ ਜਨਗਣਨਾ ਦੇ ਅਨੁਸਾਰ ਵੈਨਕੂਵਰ ਦੀ ਜਨਸੰਖਿਆ 631,486, ਸਰ੍ਹੀ ਦੀ 517,887 ਹੈ, ਜਦਕਿ ਕੁਝ ਛੋਟੀਆਂ ਕਮਿਊਨਟੀਆਂ ਵੀ ਹਨ ਜਿਸ ਵਿੱਚ ਵਿਲੀਅਮ ਲੇਕ ਦੀ 10,832 ਗਰੈਂਡ ਫੋਰਕਸ ਦੀ 4,049 ਅਤੇ ਪਾਊਸ ਕੂਪ ਦੀ ਜਨਸੰਖਿਆ 792 ਹੈ।

ਸਿਟੀ ਆਫ਼ ਡੈਲਟਾ ਬ੍ਰਿਟਿਸ਼ ਕੋਲੰਬੀਆ ਦੀ 8ਵੀਂ ਸਭ ਤੋਂ ਵੱਡੀ ਮਿਊਂਸਪੈਲਟੀ ਹੈ ਜਿਸਦੀ 2016 ਦੀ ਜਨਸੰਖਿਆ 102,238 ਹੈ।

ਬਿਸ਼ਪ ਨੇ ਕਿਹਾ ਕਿ “ਜੇਕਰ ਬੀ.ਸੀ. ਦਾ ਲਗਭਗ ਹਰ ਸ਼ਹਿਰ, ਕਸਬਾ ਅਤੇ ਪਿੰਡ ਆਪਣੀ ਜਨਸੰਖਿਆ ਅਤੇ ਆਕਾਰ ਦੇ ਬਾਵਜੂਦ ਵੀ ਇਹ ਕਰ ਸਕਦਾ ਹੈ ਤਾਂ ਅਸੀਂ ਵੀ ਅਜਿਹਾ ਕਰ ਸਕਦੇ ਹਾਂ”। “ਜੇਕਰ ਮੈਂ 20 ਅਕਤੂਬਰ ਦੀ ਮੇਅਰ ਦੀ ਚੋਣ ਜਿੱਤ ਜਾਂਦੀ ਹਾਂ ਤਾਂ ਮੈਂ ਵਾਦਾ ਕਰਦੀ ਹਾਂ ਕਿ ਡੈਲਟਾ ਸ਼ਹਿਰ ਦਾ ਵਿੱਤੀ ਜਾਣਕਾਰੀ ਸੰਬੰਧੀ ਬਿਓਰਾ ਕੁਝ ਹੀ ਦਿਨਾਂ ਵਿੱਚ ਆਨ-ਲਾਈਨ ਉਪਲਬੱਧ ਹੋ ਜਾਵੇਗਾ”।

ਬ੍ਰਿਟਿਸ਼ ਕੋਲੰਬੀਆ ਸੂਬੇ ਦੇ 1985 ਵਿੱਚ ਬਣੇ ਫਾਇਨੈਂਸ਼ੀਅਲ ਇਨਫ਼ਾਰਮੇਸ਼ਨ ਐਕਟ ਦੇ ਅਧੀਨ ਉਹਨਾਂ ਸਾਰੀਆਂ ਸੰਸਥਾਵਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਹਨਾਂ ਨੂੰ ਸੂਬੇ ਦੁਆਰਾ ਪੈਸੇ ਗਰਾਂਟ, ਐਡਵਾਂਸ ਜਾਂ ਉਧਾਰ ਦੇ ਰੂਪ ਵਿੱਚ ਦਿੱਤੇ ਜਾਂਦੇ ਹਨ ਅਤੇ ਜਿਹਨਾਂ ਲਈ ਵਿੱਤੀ ਜਾਣਕਾਰੀ ਦੇਣ ਵਾਲੀ ਸਾਲਾਨਾ ਰਿਪੋਰਟ ਫਾਈਲ ਕਰਨੀ ਜ਼ਰੂਰੀ ਹੈ। ਇਹਨਾਂ ਨੂੰ ਕਾਨੂੰਨ ਦੀਆਂ ਦੋ ਸੂਚੀਆਂ -ਐਸੋਸੀਏਸ਼ਨਾਂ, ਬੋਰਡਾਂ, ਕਮਿਸ਼ਨਾਂ, ਕਾਰਪੋਰੇਸ਼ਨਾਂ ਅਤੇ ਸੁਸਾਇਟੀਆਂ ਦੇ ਰੂਪ ਵਿੱਚ ਬਿਆਨ ਕੀਤਾ ਗਿਆ ਹੈ।

ਇਸ ਵਿੱਤੀ ਬਿਓਰੇ ਵਿੱਚ ਸੰਪਤੀ ਅਤੇ ਦੇਣਦਾਰੀ ਦੀ ਸੂਚੀ, ਕਾਰਵਾਈ ਬਿਓਰਾ, ਕਰਜ਼ ਸੂਚੀ, ਗਰੰਟੀ ਅਤੇ ਇਕਰਾਰਨਾਮੇ ਦੀ ਸੂਚੀ ਸ਼ਾਮਲ ਹਨ। ਸਭ ਤੋਂ ਮਹਵੱਤਪੂਰਨ ਇਹ ਹੈ ਕਿ ਐਸ.ਓ.ਐੱਫ.ਆਈ. ਨੂੰ ਚੁਣੇ ਗਏ ਅਧਿਕਾਰੀਆਂ, ਨਾ ਚੁਣੇ ਗਏ ਕਰਮਚਾਰੀਆਂ ਅਤੇ ਸਪਲਾਈਜ਼ ਨੂੰ ਅਦਾ ਕੀਤੇ ਗਏ ਸਾਲਾਨਾ ਮਿਹਨਤਨਾਮੇ ਦਾ ਪੂਰਾ ਵੇਰਵਾ ਚਾਹੀਦਾ ਹੈ।

ਕਾਨੂੰਨ ਇਸ ਵੇਲੇ ਇਹ ਮੰਗ ਕਰਦਾ ਹੈ ਕਿ ਨਿਰਧਾਰਿਤ ਸੰਸਥਾਵਾਂ ਆਪਣੇ “ਹੈੱਡ ਅਫਿਸ ਵਿੱਚ ਕੰਮ ਦੇ ਸਾਧਾਰਨ ਘੰਟਿਆਂ ਦੌਰਾਨ” ਐਸ.ਓ.ਐੱਫ.ਆਈ. ਦੀ ਕਾਪੀ ਮੌਜੂਦ ਰੱਖਣ। ਪਰ ਬਹੁਤ ਸਾਰੀਆਂ ਮਿਊਂਸਪੈਲਟੀਆਂ, ਕਾਲਜ, ਯੂਨੀਵਰਸਿਟੀਆਂ,

**ਕਰਾਊਨ ਕਾਰਪੋਰੇਸ਼ਨਾਂ ਅਤੇ ਕਈ ਹੋਰ ਸੰਸਥਾਵਾਂ- ਵਿਸ਼ੇਸ਼ ਰੂਪ ਵਿੱਚ ਡੈਲਟਾ ਨੂੰ ਛੱਡ ਕੇ- ਹਰ ਸਾਲ ਇਸਨੂੰ ਆਨ-ਲਾਈਨ ਪੋਸਟ ਕਰਦੀਆਂ ਹਨ।**

**ਸੰਪਰਕ ਕਰੋ:**

Kristy Fredericks, co-campaign manager 604-626-1374

or communications@BishopTeamDelta.ca